**H.C. ARORA**
Advocate
**Punjab & Haryana High Court**

Mobile: 9814013764

Emails Addresses:-
hcarora.highcourt@gmail.com

H. No. 2299,
Sector 44-C,
Chandigarh-160045

ਮਿਤੀ : 3.2.2019

ਸ਼ਿਰੀ ਕਰਨ ਅਵਤਾਰ ਸਿੰਘ ਜੀ,
ਮੁਖ ਸਕੱਤਰ,
ਪੰਜਾਬ ਸਰਕਾਰ,
ਪੰਜਾਬ ਸਿਵਿਲ ਸਕੱਤਰੇਤ,
ਚੰਡੀਗੜ੍ਹ !

**<u>ਈ -ਮੇਲ ਰਾਹੀਂ</u>**

**ਵਿਸ਼ਾ: ਪੰਜਾਬ ਅਧਿਕਾਰਿਤ ਭਾਸ਼ਾ (ਸੋਧ) ਐਕਟ, 2008 ਦੀ ਵਾਰ ਵਾਰ ਉਲੰਘਣਾਂ ਕਰਦੇ ਹੋਏ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ ਵਲੋਂ ਅੰਗਰੇਜ਼ੀ ਭਾਸ਼ਾ ਵਿਚ ਬਿੱਲ ਜਾਰੀ ਕਰਨ ਵਿਰੁੱਧ ਸ਼ਿਕਾਇਤ, ਅਤੇ ਜ਼ਰੂਰੀ ਹਦਾਇਤਾਂ ਦੀ ਮੰਗ** !!

**ਸ਼ਿਰੀ ਮਾਨ ਜੀ:**

ਮੈਂ ਆਪ ਜੀ ਦੇ ਧਿਆਨ ਵਿਚ ਇਹ ਗੱਲ ਲਿਆਣੀ ਚਾਹੁੰਦਾ ਹਾਂ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ ਅਤੇ ਉਸ ਦੇ ਅਧੀਨ ਕੰਮ ਕਰਨ ਵਾਲੇ ਅਧਿਕਾਰੀ ਪੰਜਾਬ ਅਧਿਕਾਰਤ ਭਾਸ਼ਾ (ਸੋਧ) ਕਾਨੂੰਨ, 2008 ਦੀ ਧਾਰਾ 3 (ਬੀ) ਦੀ ਉਲੰਘਣਾ ਕਰਦੇ ਹੋਏ ਪੰਜਾਬੀ ਭਾਸ਼ਾ ਦੀ ਬਜਾਏ ਅੰਗਰੇਜ਼ੀ ਭਾਸ਼ਾ ਵਿਚ ਬਿਜਲੀ ਦੇ ਬਿੱਲ ਜਾਰੀ ਕਰ ਰਹੇ ਹਨ ! ਉਪਰੋਕਤ ਧਾਰਾ ਅਨੁਸਾਰ ਪੰਜਾਬ ਰਾਜ ਵਿਚ ਸਾਰਾ ਦਫ਼ਤਰੀ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੀ ਹੋਣਾ ਚਾਹੀਦਾ ਹੈ !

ਮੈਂ ਆਪ ਜੀ ਦੇ ਧਿਆਨ ਵਿਚ ਇਹ ਗੱਲ ਵੀ ਲਿਆਣਾ ਚਾਹੁੰਦਾ ਹਾਂ ਕਿ ਹੁਣ ਤਾਂ ਫੇਸ ਬੁੱਕ ਵੀ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਭਾਸ਼ਾ ਵਿਚ ਵੀ ਟਿੱਪਣੀਆਂ ਕਰਦਾ ਹੈ ! ਆਪਣਾ ਫੇਸ ਬੁਲ ਖਾਤਾ ਖੋਲ੍ਹਦਿਆਂ ਹੀ ਇਹ ਲਿਖਿਆ ਨਜ਼ਰ ਆਓਂਦਾ ਹੈ "**ਇਥੇ ਕੁਝ ਲਿਖੋ ਜੀ**" ! ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵਲੋਂ ਬਿਜਲੀ ਦੇ ਬਿਲ ਅੰਗਰੇਜ਼ੀ ਭਾਸ਼ਾ ਵਿਚ ਜਾਰੀ ਕਰਨਾ ਸਮਝ ਤੋਂ ਬਾਹਰ ਹੈ ! ਮੈਂ ਇਹ ਗੱਲ ਦਾਵੇ ਨਾਲ ਕਹਿ ਸਕਦਾ ਹਾਂ ਕਿ ਨੱਬੇ ਪ੍ਰਤੀਸ਼ਤ ਖਪਤਕਾਰ ਅਜਿਹੇ ਬਿਜਲੀ ਦੇ ਬਿਲਾਂ ਦੇ ਪੁੱਠੇ ਪਾਸੇ ਲਿਖੀਆਂ ਹਦਾਇਤਾਂ ਨੂੰ ਪੜ੍ਹਨ ਅਤੇ ਸਮਝਣ ਤੋਂ ਅਸਮਰਥ ਹਨ ! ਸ਼ਾਇਦ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਸਾਰੇ ਕਰਮਚਾਰੀ ਵੀ ਅਜਿਹੇ ਬਿਲਾਂ ਨੂੰ ਪੜ੍ਹ ਕੇ ਉਹਨਾਂ ਦੀ ਵਿਆਖਿਆ ਨਾ ਕਰ ਸਕਦੇ ਹੋਣਗੇ ! ਇਸ ਲਈ ਕਾਰੋਬਾਰ ਦੇ ਸਿਧਾਂਤਾਂ ਦੀ ਵੀ ਮੰਗ ਹੈ ਕਿ ਇਸ ਕਾਰਪੋਰੇਸ਼ਨ ਨੂੰ ਆਪਣੇ ਬਿਜਲੀ ਦੇ ਬਿੱਲ ਪੰਜਾਬੀ ਭਾਸ਼ਾ ਵਿਚ ਹੀ ਜਾਰੇ ਕਰਨੇ ਚਾਹੀਦੇ ਹਨ !

ਇਸ ਵਾਸਤੇ ਮੈਂ ਆਪ ਜੀ ਤੋਂ ਮੰਗ ਕਰਦਾ ਹਾਂ ਕਿ (i) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਮੈਨੇਜਿੰਗ ਡਾਇਰੈਕਟਰ ਦੇ ਵਿਰੁੱਧ ਪੰਜਾਬ ਸਿਵਿਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੀ ਧਾਰਾ 8- ਡੀ ਦੇ ਤਹਿਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ ; ਅਤੇ (ii) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਮੈਨੇਜਿੰਗ ਡਾਇਰੈਕਟਰ ਨੂੰ ਬਿਜਲੀ ਦੇ ਬਿੱਲ ਪੰਜਾਬੀ ਭਾਸ਼ਾ ਵਿਚ ਜਾਰੀ ਕਰਨ ਦੀ ਸਖ਼ਤ ਹਿਦਾਇਤ ਦਿੱਤੀ ਜਾਵੇ

ਜੇਕਰ ਉਪਰੋਕਤ ਅਧਿਕਾਰੀ ਵਿਰੁੱਧ ਇਹ ਕਾਰਵਾਈ ਪੰਦਰਾਂ ਦਿਨਾਂ ਵਿਚ ਆਰੰਭ ਨਹੀਂ ਕੀਤੀ ਜਾਂਦੀ ਤਾਂ ਮਜ਼ਬੂਰ ਹੋ ਕਿ ਮੈਨੂੰ ਕਾਨੂੰਨ ਦਾ ਸਹਾਰਾ ਲੈਣਾ ਪਵੇਗਾ !

ਫਿਲਹਾਲ, ਕਿਰਪਾ ਕਰ ਕੇ ਇਸ ਪੱਤਰ ਦੀ ਰਸੀਦ ਈ-ਮੇਲ ਰਾਹੀਂ ਦੇਣ ਦੇ ਖੇਚਲ ਕੀਤੀ ਜਾਵੇ !

ਆਪ ਜੀ ਦਾ ਸ਼ੁਭ ਚਿੰਤਕ,

(ਹਰੀ ਚੰਦ ਅਰੋੜਾ)
ਵਕੀਲ